ਸੁਰੱਖਿਆ ਨੁਸਖੇ

- ਆਪਣੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ ਅੱਗ ਤੋਂ ਸੁਰੱਖਿਆ ਦੇ ਮਹੱਤਵ ਬਾਰੇ ਸਿਖਾਓ।
- ਜੇ ਤੁਹਾਡੇ ਕਪੜਿਆਂ ਨੂੰ ਅੱਗ ਲੱਗ ਜਾਵੇ - ਰੁਕ ਜਾਓ, ਹੇਠਾਂ ਡਿੱਗੋ ਅਤੇ ਅੱਗ ਦੀਆਂ ਲਪਟਾਂ ਨੂੰ ਦਬਾਉਣ ਲਈ ਫਰਸ਼ ਉੱਤੇ ਘੁਮੇਟਣੀਆਂ ਖਾਓ।
- ਹਮੇਸ਼ਾ ''ਬੱਚਿਆਂ ਤੋਂ ਰੋਧਕ'' ਲਾਈਟਰ ਹੀ ਖਰੀਦੋ।
- ਮੋਮਬੱਤੀਆਂ, ਲਾਈਟਰਾਂ ਅਤੇ ਮਾਚਿਸਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਬਾਹਰ ਰੱਖੋ।
- ਇਹ ਯਕੀਨੀ ਬਣਾਓ ਕਿ ਤੁਹਾਡੇ ਸਾਰੇ ਪਰਿਵਾਰ ਨੂੰ ਇਹ ਪਤਾ ਹੋਵੇ ਕਿ ਅੱਗ ਲੱਗਣ ਦੀ ਸਥਿਤੀ ਵਿੱਚ ਕੀ ਕਰਨਾ ਹੈ - ਬਚ ਕੇ ਨਿਕਲਣ ਦੀ ਯੋਜਨਾ ਦਾ ਅਭਿਆਸ ਕਰੋ।
- ਜਦੋਂ ਤੁਸੀਂ ਕਮਰੇ ਵਿੱਚ ਨਹੀਂ ਹੁੰਦੇ ਹੋ ਤਾਂ ਕਦੇ ਵੀ ਮੋਮਬੱਤੀਆਂ ਨੂੰ ਜਗਦੇ ਹੋਏ ਨਾ ਛੱਡੋ।
- ਮੋਮਬੱਤੀਆਂ ਨੂੰ ਖਿੜਕੀਆਂ, ਪਰਦਿਆਂ, ਪੱਖਿਆਂ ਦੇ ਲਾਗੇ ਜਾਂ ਜਿੱਥੇ ਬੱਚੇ ਅਤੇ ਪਾਲਤੂ ਜਾਨਵਰ ਉਹਨਾਂ ਤੱਕ ਸੌਖਿਆਂ ਪਹੁੰਚ ਸਕਦੇ ਹੋਣ ਉੱਥੇ ਨਾ ਰੱਖੋ।
- ਤੇਲ ਨਾਲ ਖਾਣਾ ਪਕਾਉਂਦੇ ਸਮੇਂ ਅਤਿਅੰਤ ਚੌਕਸੀ ਵਰਤੋ; ਇਸਨੂੰ ਭਾਂਡੇ ਵਿੱਚ ਬਹੁਤ ਹੀ ਅਰਾਮ ਨਾਲ ਗਰਮ ਕਰੋ ਅਤੇ ਕਦੇ ਵੀ ਇਸਨੂੰ ਇਕੱਲਿਆਂ ਨਾ ਛੱਡੋ।

ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ 911 'ਤੇ ਕਾਲ ਕਰੋ।

ਜਾਣਕਾਰੀ ਲਈ ਜਾਂ ਆਪਣੇ ਨੇੜੇ ਸੈਟਲਮੈਂਟ ਸੇਵਾਵਾਂ ਲੱਭਣ ਲਈ, ਇਸ ਵੈਬਸਾਈਟ 'ਤੇ ਜਾਓ:
www.settlement.org

Your organization here

CMAS

www.cmascanada.ca
parentingsupport@cmascanada.ca

Funded by / Financé par

Citizenship and Immigration Canada / Citoyenneté et Immigration Canada / Canada

ਇਹਨਾਂ ਦੁਆਰਾ ਸਮੀਖਿਆ ਕੀਤੀ ਗਈ
Fire Prevention Canada
www.fiprecan.ca

Fire Safety: Punjabi Se protéger contre les risques d'incendie : Punjabi

Mixed Sources
Cert no. SW-COC-003451
© 1996 FSC

ਕੈਨੇਡਾ ਵਿੱਚ ਨਵੇਂ

ਪਾਲਣ-ਪੋਸ਼ਣ ਵਿੱਚ ਸਹਾਇਤਾ

ਅੱਗ ਤੋਂ ਸੁਰੱਖਿਆ ਬਾਰੇ ਜਾਣੋ

ਬਾਲ ਸੁਰੱਖਿਆ ਸੀਰੀਜ਼

ਸੁਰੱਖਿਅਤ ਰਹੋ

ਸਾਰੇ ਮਾਪੇ ਆਪਣੇ ਬੱਚਿਆਂ ਦੀ ਰਾਖੀ ਕਰਨੀ ਚਾਹੁੰਦੇ ਹਨ। ਆਪਣੇ ਘਰ ਨੂੰ ਅੱਗ ਤੋਂ ਸੁਰੱਖਿਅਤ ਬਣਾਉਣਾ ਅਜਿਹਾ ਕਰਨ ਦਾ ਇੱਕ ਅਹਿਮ ਤਰੀਕਾ ਹੈ। ਇਸ ਕਿਤਾਬਚੀ ਵਿਚਲੀ ਜਾਣਕਾਰੀ ਘਰ ਵਿੱਚ ਲੱਗਣ ਵਾਲੀਆਂ ਅੱਗਾਂ ਨੂੰ ਰੋਕਣ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਵਿੱਚ ਤੁਹਾਡੀ ਮਦਦ ਕਰੇਗੀ।

ਘਰੇਲੂ ਅੱਗਾਂ ਲੱਗਣ ਦਾ ਕਾਰਨ ਕੀ ਹੁੰਦਾ ਹੈ?

ਅੱਗ ਕਈ ਲੋਕਾਂ ਦੀਆਂ ਜਾਨਾਂ ਲੈ ਲੈਂਦੀ ਹੈ। ਘਰ ਵਿੱਚ ਲੱਗਣ ਵਾਲੀਆਂ ਅੱਗਾਂ ਜ਼ਿਆਦਾਤਰ ਇਹਨਾਂ ਮੌਤਾਂ ਲਈ ਜ਼ੁੰਮੇਵਾਰ ਹੁੰਦੀਆਂ ਹਨ। ਘਰਾਂ ਵਿੱਚ ਲੱਗਣ ਵਾਲੀਆਂ ਅੱਗਾਂ ਦੇ ਸਭ ਤੋਂ ਆਮ ਕਾਰਨ ਹਨ: ਖਾਣਾ ਪਕਾਉਣਾ, ਘਰ ਨੂੰ ਨਿੱਘਾ ਕਰਨਾ, ਬਿਜਲੀ ਸੰਬੰਧੀ ਮੁਸ਼ਕਲਾਂ, ਤਮਾਕੂਨੋਸ਼ੀ, ਮੋਮਬੱਤੀਆਂ ਅਤੇ ਅੱਗ ਨਾਲ ਖੇਡਦੇ ਬੱਚੇ।

ਅੱਗ ਦਾ ਛੇਤੀ ਪਤਾ ਲੱਗਣ ਨਾਲ ਜਾਨਾਂ ਬੱਚ ਸਕਦੀਆਂ ਹਨ

ਅੱਗ ਬਹੁਤ ਹੀ ਤੇਜ਼ੀ ਨਾਲ ਫੈਲ ਸਕਦੀ ਹੈ ਅਤੇ ਇਸਦਾ ਛੇਤੀ ਪਤਾ ਲੱਗ ਜਾਣ ਨਾਲ ਜਾਨਾਂ ਬੱਚ ਸਕਦੀਆਂ ਹਨ। ਆਪਣੇ ਘਰ ਦੀ ਹਰ ਮੰਜ਼ਿਲ 'ਤੇ ਸਮੋਕ (ਧੂੰਏਂ ਵਾਲੇ) ਅਲਾਰਮ ਇੰਸਟਾਲ ਕਰੋ (ਲਗਾਓ)। ਕੈਨੇਡਾ ਵਿੱਚ ਇਹ ਕਨੂੰਨਨ ਲੋੜੀਂਦੇ ਹਨ। ਹਰ ਮਹੀਨੇ ਉਹਨਾਂ ਦੀ ਜਾਂਚ ਕਰੋ ਅਤੇ ਜਦੋਂ ਲੋੜ ਹੋਵੇ ਬੈਟਰੀਆਂ ਨੂੰ ਬਦਲ ਦਿਓ। ਗੈਸ ਦੇ ਰਿਸਾਅ ਦੀ ਚਿਤਾਵਨੀ ਦੇਣ ਲਈ, ਕਾਰਬਨ ਮੋਨੋਆਕਸਾਈਡ ਡਿਟੈਕਟਰ ਵੀ ਇੰਸਟਾਲ ਕਰੋ। ਕੁਝ ਮਿਊਂਸਪੈਲਟੀਆਂ ਵਿੱਚ ਇਹ ਕਨੂੰਨਨ ਲੋੜੀਂਦਾ ਹੈ। ਇਹ ਤੁਹਾਡੇ ਘਰ ਨੂੰ ਹੋਰ ਵੀ ਸੁਰੱਖਿਅਤ ਬਣਾਉਣ ਵਿੱਚ ਮਦਦ ਕਰਨਗੇ।

ਰੋਕਥਾਮ
ਤੁਸੀਂ ਕੀ ਕਰ ਸਕਦੇ ਹੋ

ਤਿਆਰ ਰਹੋ

ਆਪਣੇ ਬੱਚੇ ਨੂੰ ਛੋਟੀ ਉਮਰ ਵਿੱਚ ਹੀ ਅੱਗ ਤੋਂ ਸੁਰੱਖਿਆ ਦੇ ਮਹੱਤਵ ਬਾਰੇ ਸਿਖਾਓ। ਹਮੇਸ਼ਾ ''ਬੱਚਿਆਂ ਤੋਂ ਰੋਧਕ''(ਚਾਈਲਡ ਰਿਜ਼ਿਸਟੈਂਟ) ਲਾਈਟਰ ਖਰੀਦੋ। ਮੋਮਬੱਤੀਆਂ, ਲਾਈਟਰਾਂ ਅਤੇ ਮਾਚਿਸਾਂ ਨੂੰ ਪਹੁੰਚ ਤੋਂ ਬਾਹਰ ਰੱਖੋ। ਆਪਣੇ ਬੱਚੇ ਨੂੰ ਇਹ ਹਦਾਇਤ ਦਿਓ ਕਿ ਜਦੋਂ ਵੀ ਉਹਨਾਂ ਨੂੰ ਇਹਨਾਂ ਵਿੱਚੋਂ ਕੋਈ ਵੀ ਚੀਜ਼ ਮਿਲੇ ਤਾਂ ਉਹ ਤੁਹਾਨੂੰ ਦੱਸਣ।

ਇਹ ਯਕੀਨੀ ਬਣਾਓ ਕਿ ਤੁਹਾਡੇ ਪਰਿਵਾਰ ਨੂੰ ਇਹ ਪਤਾ ਹੋਵੇ ਕਿ ਜੇ ਉਹਨਾਂ ਦੇ ਕਪੜਿਆਂ ਨੂੰ ਅੱਗ ਲੱਗ ਜਾਵੇ ਤਾਂ ਕੀ ਕਰਨਾ ਹੈ। ਹਮੇਸ਼ਾ ਰੁੱਕ ਜਾਓ, ਹੇਠਾਂ ਡਿੱਗ ਜਾਓ ਅਤੇ ਅੱਗ ਦੀਆਂ ਲਪਟਾਂ ਨੂੰ ਦਬਾਉਣ ਲਈ ਫ਼ਰਸ਼ ਉੱਤੇ ਘੁਮੇਟਣੀਆਂ ਖਾਓ।

ਪੱਕਾ ਕਰੋ ਕਿ ਤੁਹਾਡੇ ਪਰਿਵਾਰ ਨੂੰ ਇਹ ਪਤਾ ਹੋਵੇ ਕਿ ਅੱਗ ਲੱਗਣ ਦੀ ਸਥਿਤੀ ਵਿੱਚ ਕੀ ਕਰਨਾ ਹੈ। ਬਚ ਕੇ ਨਿਕਲਣ ਦੀ ਯੋਜਨਾ ਦਾ ਅਭਿਆਸ ਕਰੋ। ਜੇ ਤੁਸੀਂ ਕਿਸੇ ਅਪਾਰਟਮੈਂਟ ਬਿਲਡਿੰਗ ਵਿੱਚ ਰਹਿੰਦੇ ਹੋ ਤਾਂ, ਆਪਣੀ ਬਿਲਡਿੰਗ ਦੇ ਲਈ ਫ਼ਾਇਰ ਸੇਫ਼ਟੀ ਪਲਾਨ (ਅੱਗ ਤੋਂ ਸੁਰੱਖਿਆ ਦੀ ਯੋਜਨਾ) ਬਾਰੇ ਜਾਣੋ।

ਘਰ ਵਿੱਚ ਜੇ ਤੁਸੀਂ ਅੱਗ ਦੀਆਂ ਲਪਟਾਂ ਦੇਖਦੇ ਹੋ, ਧੂੰਏਂ ਦੀ ਬਦਬੂ ਆਉਂਦੀ ਹੈ ਜਾਂ ਅਲਾਰਮ ਸੁਣਦੇ ਹੋ ਤਾਂ ਹਰੇਕ ਨੂੰ ਬਾਹਰ ਕੱਢੋ। ਕਿਸੇ ਅਪਾਰਟਮੈਂਟ ਵਿੱਚ, ਸਭ ਤੋਂ ਪਹਿਲਾਂ ਮੁਹਰਲੇ ਦਰਵਾਜ਼ੇ ਨੂੰ ਮਹਿਸੂਸ ਕਰੋ। ਜੇਕਰ ਇਹ ਗਰਮ ਨਹੀਂ ਹੈ ਤਾਂ ਇਸਨੂੰ ਬਹੁਤ ਹੀ ਹੌਲੀ ਜਿਹੇ ਖੋਲ੍ਹੋ। ਜੇ ਤੁਹਾਨੂੰ ਅੱਗ ਦਿਖਾਈ ਦੇਵੇ ਜਾਂ ਧੂੰਏਂ ਦੀ ਬਦਬੂ ਆਵੇ ਤਾਂ, ਬਾਹਰ ਨਿਕਲਣ ਦੇ ਕਿਸੇ ਹੋਰ ਰਸਤੇ ਦੀ ਵਰਤੋਂ ਕਰੋ। ''ਨੀਵੇਂ ਹੋ ਕੇ ਜਾਓ''। ਧੂੰਆਂ ਉੱਪਰ ਨੂੰ ਉੱਠਦਾ ਹੈ ਅਤੇ ਫ਼ਰਸ਼ ਦੇ ਨੇੜੇ ਦੀ ਹਵਾ ਸਾਹ ਲੈਣ ਲਈ ਵਧੇਰੇ ਸੁਰੱਖਿਅਤ ਹੁੰਦੀ ਹੈ। ਅਪਾਰਟਮੈਂਟ ਦੇ ਵਿੱਚ, ਬਾਹਰ ਨਿਕਲਣ ਲਈ ਹਮੇਸ਼ਾ ਪੌੜੀਆਂ ਦੀ ਵਰਤੋਂ ਕਰੋ ਅਤੇ ਕਦੇ ਵੀ ਐਲੀਵੇਟਰ ਦੀ ਵਰਤੋਂ ਨਾ ਕਰੋ। ਘਰ ਤੋਂ ਬਾਹਰ ਮਿਲਣ ਦੀ ਕਿਸੇ ਸੁਰੱਖਿਅਤ ਜਗ੍ਹਾ ਦਾ ਪ੍ਰਬੰਧ ਕਰੋ ਅਤੇ 911'ਤੇ ਕਾੱਲ ਕਰੋ।

ਜੇਕਰ ਘਰ ਛੱਡ ਕੇ ਜਾਣਾ ਸੁਰੱਖਿਅਤ ਨਹੀਂ ਹੈ ਤਾਂ, ਦਰਵਾਜ਼ੇ ਦੇ ਆਸ-ਪਾਸ ਦੀਆਂ ਖਾਲੀ ਥਾਂਵਾਂ ਨੂੰ ਕੰਬਲਾਂ, ਚਾਦਰਾਂ ਅਤੇ ਤੌਲੀਆਂ ਨਾਲ ਬੰਦ ਕਰ ਦਿਓ। ਇਸ ਨਾਲ ਧੂੰਆਂ ਕਮਰੇ ਅੰਦਰ ਦਾਖਲ ਹੋਣ ਤੋਂ ਰੁਕ ਜਾਵੇਗਾ। ਜੇ ਤੁਸੀਂ ਕਰ ਸਕਦੇ ਹੋ ਤਾਂ 911 'ਤੇ ਕਾਲ ਕਰੋ ਅਤੇ ਕਿਸੇ ਖਿੜਕੀ 'ਤੇ ਮਦਦ ਮੰਗਣ ਲਈ ਇਸ਼ਾਰਾ ਕਰੋ।

ਵਾਧੂ ਚੌਕਸੀ ਵਰਤ

ਜਦੋਂ ਤੁਸੀਂ ਕਮਰੇ ਵਿੱਚ ਨਹੀਂ ਹੁੰਦੇ ਹੋ ਤਾਂ ਮੋਮਬੱਤੀਆਂ ਨੂੰ ਜਲਦੇ ਹੋਏ ਕਦੇ ਵੀ ਨਾ ਛੱਡੋ। ਕਮਰੇ ਤੋਂ ਬਾਹਰ ਜਾਣ ਸਮੇਂ ਅਤੇ ਸੌਣ ਤੋਂ ਪਹਿਲਾਂ ਉਹਨਾਂ ਨੂੰ ਬੁਝਾ ਦਿਓ। ਮੋਮਬੱਤੀਆਂ ਨੂੰ ਕਦੇ ਵੀ ਖਿੜਕੀਆਂ, ਪਰਦਿਆਂ, ਪੱਖਿਆਂ ਦੇ ਲਾਗੇ ਜਾਂ ਜਿੱਥੇ ਬੱਚੇ ਅਤੇ ਪਾਲਤੂ ਜਾਨਵਰ ਉਹਨਾਂ ਤਕ ਸੌਖਿਆਂ ਪਹੁੰਚ ਸਕਦੇ ਹੋਣ, ਉੱਥੇ ਨਾ ਰੱਖੋ।

ਮੋਮਬੱਤੀਆਂ ਨੂੰ ਅੱਗ-ਰੋਧਕ ਡੱਬੀਆਂ ਵਿੱਚ ਲਗਾਓ ਜੋ ਉਲਟ ਨਹੀਂ ਸਕਦੀਆਂ। ਇਹ ਯਕੀਨੀ ਬਣਾਓ ਕਿ ਡੱਬੀਆਂ ਐਨੀਆਂ ਕੁ ਵੱਡੀਆਂ ਹੋਣ ਕਿ ਉਹਨਾਂ ਵਿੱਚ ਵਗਦਾ ਹੋਇਆ ਮੋਮ ਇਕੱਠਾ ਹੋ ਸਕੇ।

ਤੇਲ ਨਾਲ ਖਾਣਾ ਪਕਾਉਂਦੇ ਸਮੇਂ ਅਤਿਅੰਤ ਚੌਕਸੀ ਵਰਤੋ। ਭਾਂਡੇ ਵਿੱਚ ਤੇਲ ਨੂੰ ਬਹੁਤ ਹੀ ਅਰਾਮ ਨਾਲ ਗਰਮ ਕਰੋ। ਇਸਨੂੰ ਇਕੱਲਿਆਂ ਨਾ ਛੱਡੋ। ਅੱਗ ਨੂੰ ਦਬਾਉਣ ਲਈ ਭਾਂਡੇ ਦਾ ਢੱਕਣ ਨੇੜੇ-ਤੇੜੇ ਹੀ ਰੱਖੋ। ਜਦੋਂ ਭਾਂਡੇ ਨੂੰ ਅੱਗ ਲੱਗੀ ਹੋਵੇ ਤਾਂ ਇਸਨੂੰ ਨਾ ਚੁੱਕੋ; ਅੱਗ ਦੀਆਂ ਲਪਟਾਂ ਜਲਦੀ ਨਾਲ ਫੈਲ ਸਕਦੀਆਂ ਹਨ। ਭਾਂਡੇ ਨੂੰ ਢੱਕਣ ਲਗਾ ਕੇ ਢੱਕ ਦਿਓ ਅਤੇ ਹੀਟ ਨੂੰ ਬੰਦ ਕਰ ਦਿਓ।